## ਬੱਚਿਆਂ ਲਈ ਬਾਈਬਲ

### ਉਪੱਸਥਿਤ



# ਸਮਸੂਨ, ਪਰਮੇਸ਼ਵਰ ਦਾ ਤਾਕਤਵਰ ਬੰਦਾ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : Lyn Doerksen



ਕਹਾਣੀ 14 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ਼ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਬਹੁਤ ਦਿਨ ਪਹਿਲਾਂ, ਇਸਰਾਈਲ ਦੀ ਧਰਤੀ ਵਿੱਚ, ਮਾਨੋਆਹ ਨਾਂ ਦਾ ਮਨੁੱਖ ਰਹਿੰਦਾ ਸੀ। ਉਹ ਅਤੇ ਉਸਦੀ ਪਤਨੀ ਦੇ ਬੱਚਾ ਨਹੀਂ ਸੀਂ। ਇੱਕ ਦਿਨ ਯਹੋਵਾ ਦਾ ਦੂਤ ਮਨੋਆਹ ਦੀ ਪਤਨੀ ਨੂੰ ਦਿਖਾਈ ਦਿੱਤਾ। ਉਸਨੇਂ ਆਖਿਆ, "ਤੇਨੂੰ ਇੱਕ ਬਹੁਤ ਹੀ ਵਿਸ਼ੇਸ਼ ਬੱਚਾ ਹੋਵੇਗਾ।"



1

ਉਸਨੇਂ ਆਪਣੇ ਪਤੀ ਨੂੰ ਅਦਭੁਤ ਖਬਰ ਸੁਣਾਈ। ਮਨੋਆਹ ਨੇ ਪ੍ਰਾਥਨਾ ਕੀਤੀ, "ਐ ਮੇਰੇ ਪਰਮੇਸ਼ਵਰ ... ਸਾਡੇ ਕੋਲ ਫਿਰ ਤੋਂ ਆ। ਸਾਨੂੰ ਸਿਖਾ ਕੀ ਅਸੀਂ ਉਸ ਬੱਚੇ ਲਈ ਕੀ ਕਰੀਏ।"



2



ਦੂਤ ਨੇਂ ਮਨੋਆਹ ਨੂੰ ਆਖਿਆ ਕੀ ਬੱਚੇ ਦੇ ਵਾਲ ਕਦੀ ਨਾਂ ਕਟਾਂਈ, ਕਦੀ ਸ਼ਾਰਾਬ ਨਾਂ ਪੀਵੇ, ਅਤੇ ਕਦੀ ਵੀ ਸੰਦੇਹਹੀਨ ਭੋਜਨ ਨਾ ਖਾਵੇ। ਪਰਮੇਸ਼ਵਰ ਨੇਂ ਇਸ ਬੱਚੇ ਨੂੰ ਨਿਆਂ ਅਧਿਕਾਰੀ ਕਰਕੇ ਚੁਣਿਆ ਹੈ। ਇਹ ਇਸਰਾਈਲ ਦੀ ਅਗਵਾਈ ਕਰੇਗਾ।







ਪਰਮੇਸ਼ਵਰ ਦੇ ਲੋਕਾਂ ਨੂੰ ਅਚਾਨਕ ਸਹਾਇਤਾ ਦੀ ਲੋੜ ਸੀਂ। ਉਹਨਾਂ ਨੇਂ ਆਪਣੀ ਜਿੰਦਗੀ ਵਿੱਚੋਂ ਪਰਮੇਸ਼ਵਰ ਨੂੰ ਕੱਢ ਦਿੱਤਾ ਸੀਂ, ਅਤੇ ਉਹ ਆਪਣੇ ਦੁਸ਼ਮਣ ਫਲੀਸਤੀਆਂ ਦੇ ਦੁਆਰਾ ਮਾਰੇ ਕੁੱਟੇ ਜਾਂਦੇ ਸਨ।ਪਰ ਜਦ ਉਹਨਾਂ ਨੇਂ ਪ੍ਰਾਥਨਾਂ ਕੀਤੀ ਪਰਮੇਸ਼ਵਰ ਨੇ ਸੁਣ ਲਈ। ਉਸਨੇ ਇਸ ਬੱਚੇ ਨੂੰ ਘੱਲਿਆ ਜੋ ਦੁਨੀਆਂ ਵਿੱਚ ਸਭਨਾਂ ਤੋਂ ਤਾਕਤਵਰ ਮਨੁੱਖ ਹੋਵੇਗਾ।





"ਇਸ ਤਰ੍ਹਾਂ ਔਰਤ ਨੇਂ ਇੱਕ ਬੱਚੇ ਨੂੰ ਜਨਮ ਦਿੱਤਾ ਅਤੇ ਉਸਦਾ ਨਾਂ ਸਮਸੂਨ ਰੱਖਿਆ: ਅਤੇ ਬੱਚਾ ਵਧਿਆ, ਅਤੇ ਪਰਮੇਸ਼ਵਰ ਨੇ ਉਸਨੂੰ ਆਸ਼ੀਸ਼ ਦਿੱਤੀ। ਅਤੇ ਪਰਮੇਸ਼ਵਰ ਦੇ ਆਤਮਾਂ ਨੇਂ ਉਸ ਤੇ ਮੰਡਰਾਉਣਾ ਸ਼ੁਰੂ ਕੀਤਾ।" ਸਮਸੂਨ ਬਹੁਤ ਸ਼ਕਤੀਸ਼ਾਲੀ ਹੋ ਗਿਆ ਸੀਂ। ਇੱਕ ਦਿਨ ਉਹ ਖਾਲੀ ਹੱਥੀਂ ਜਵਾਨ ਸ਼ੇਰ ਨਾਲ ਲੜਿਆ – ਅਤੇ ਉਸਨੂੰ ਮਾਰ ਦਿੱਤਾ।





ਬਾਅਦ ਵਿੱਚ, ਸਮਸੂਨ ਨੇਂ ਮਧੂਮੱਖੀਆਂ ਦੇ ਝੁੰਡ ਵਿੱਚੋਂ ਸ਼ਹਿਦ ਚੱਖਿਆ ਜੋ ਮਰੇ ਹੋਏ ਸ਼ੇਰ ਦੇ ਸਰੀਰ ਦੇ ਵਿੱਚ ਲੱਗਾ ਸੀਂ। ਉਸਨੇਂ ਇੱਕ ਬੁਝਾਰਤ ਪਾਈ: "ਖਾਣ ਵਾਲੇ ਵਿੱਚੋਂ ਕੁਝ ਖਾਣ ਨੂੰ ਨਿਕਲਿਆ ਅਤੇ ਤਕੜ੍ਹੇ ਵਿੱਚੋਂ ਮਿਠਾਸ।"





ਕੋਈ ਵੀ ਉਸਦੇ ਮਤਲਬ ਦਾ ਅੰਦਾਜਾ ਨਹੀਂ ਲਗਾ ਸਕਦਾ ਸੀਂ – ਪਰ ਇੱਕ ਫਲਿਸਤੀਨ, ਜੋ ਸਮਸੂਨ ਦੀ ਨਵੀਂ ਪਤਨੀ ਸੀਂ, ਆਪਣੇ ਦੋਸਤਾਂ ਨੂੰ ਦੱਸ ਦਿੱਤਾ। ਇਸ ਤੋਂ ਸਮਸੂਨ ਨੂੰ ਬਹੁਤ ਗੁੱਸਾ ਆਇਆ।



ਸਮਸੂਨ ਨੂੰ ਹੋਰ ਵੀ ਜਿਆਦਾ ਗੁੱਸਾ ਆਇਆ ਜਦ ਫਲਿਸਤੀਆਂ ਨੇਂ ਉਸਦੀ ਪਤਨੀ ਨੂੰ ਉਸਦੇ ਪਿਆਰੇ ਮਿੱਤਰ ਦੀ ਪਤਨੀ ਹੋਣ ਲਈ ਦੇ ਦਿੱਤਾ।ਉਸਨੇ ਬਦਲਾ ਲੈਣ ਦੀ ਸੋਚੀ। ਪਰ ਕਿਵੇਂ? ਪਹਿਲਾਂ, ਉਸਨੇ ਤਿੰਨ ਸੋ (300) ਲੋਮੜੀਆਂ ਫੜੀਆਂ। ਤਦ ਉਸਨੇ ਦੋ ਦੋ ਕਰਕੇ ਉਹਨਾਂ ਦੀਆਂ ਪੂਛਾਂ ਬੰਨੀਆਂ, ਅਤੇ ਬਲਦੀਆਂ ਮਿਸ਼ਾਲਾਂ ਨੂੰ ਉਹਨਾਂ ਦੇ ਵਿਚਕਾਰ ਰੱਖਿਆ।



ਤਦ ਸਮਸੂਨ ਨੇਂ ਲੋਮੜੀਆਂ ਨੂੰ ਫਲਿਸਤੀਆਂ ਦੇ ਅਨਾਜ ਦੇ ਖੇਤਾਂ ਵਿੱਚ ਛੱਡ ਦਿੱਤਾ!



9

ਹੁਣ ਫਲਿਸਤੀਨ ਬਦਲਾ ਲੈਣਾ ਚਾਹੁੰਦੇ ਸਨ। ਸਮਸੂਨ ਨੇਂ ਆਪਣੇ ਆਪ ਨੂੰ ਬੰਨੇ ਜਾਣ ਲਈ ਅਤੇ ਫਲਿਸਤੀਆਂ ਦੇ ਹੱਥੀ ਮਾਰੇ ਜਾਣ ਲਈ ਦੇ ਫੜਵਾ ਦਿੱਤਾ।



10

ਪਰ ਪਰਮੇਸ਼ਵਰ ਦਾ ਆਤਮਾਂ ਸਮਸੂਨ ਤੇ ਉਤਰਿਆ। ਉਸਨੇਂ ਰੱਸੀਆਂ ਤੋੜੀਆਂ, ਅਤੇ ਤਾਜਾ ਮਰੇ ਹੋਏ ਗਧੇ ਦਾ ਜਬਾੜਾ ਲੈ ਕੇ ਇੱਕ ਹਜ਼ਾਰ (1000) ਦੁਸ਼ਮਣਾਂ ਨੂੰ ਮਾਰ ਦਿੱਤਾ।



11

ਫ਼ਲਿਸਤੀਆਂ ਦੇ ਖੋਜੀ ਦਲ ਨੇ ਸਮਸੂਨ ਨੂੰ ਭਾਲਿਆ। ਇੱਕ ਰਾਤ, ਉਹਨਾਂ ਨੇ ਸ਼ਹਿਰ ਵਿੱਚ ਉਸਨੂੰ ਧੋਖਾ ਦਿੱਤਾ ਅਤੇ ਸ਼ਹਿਰ ਦੇ ਫਾਟਕ ਨੂੰ ਬੰਦ ਕਰ ਦਿੱਤਾ। ਪਰ ਸਮਸੂਨ ਸ਼ਹਿਰ ਦੇ ਫਾਟਕ ਨੂੰ ਆਪਣੇ ਮੋਡਿਆਂ ਉੱਤੇ ਲੈ ਕੇ ਚਲਾ ਗਿਆ!



12

ਪਰ ਸਮਸੂਨ ਨੇਂ ਪਰਮੇਸ਼ਵਰ ਨੂੰ ਅਸਫਲ ਕਰ ਦਿੱਤਾ। ਪਰਮੇਸ਼ਵਰ ਨੇਂ ਉਸਨੂੰ ਉਦੋਂ ਤੱਕ ਤਾਕਤ ਦਿੱਤੀ ਜਦ ਤੱਕ ਉਸਨੇ ਉਸਦੀ ਆਗਿਆ ਦੀ ਪਾਲਣਾ ਕੀਤੀ। ਇੱਕ ਸੁੰਦਰ ਫਲਿਸਤੀਨ ਜਾਸੂਸ ਦਲੈਲਾ ਨੂੰ ਸਮਸੂਨ ਨੇਂ ਇੱਕ ਦਿਨ ਆਪਣੀ ਤਾਕਤ ਦਾ ਰਾਜ ਦੱਸਿਆ। ਉਸਨੇ ਇੱਕ ਆਦਮੀਂ ਨੂੰ ਸਮਸੂਨ ਦੇ ਸੌਣ ਤੋਂ ਬਾਅਦ ਵਾਲ ਕੱਟਣ ਲਈ ਰੱਖਿਆ ਸੀਂ।



13

ਤਦ ਫਲਿਸਤੀਨ ਸਿਪਾਹੀਆਂ ਨੇ ਦਲੈਲਾ ਦੇ ਘਰ ਵਿੱਚ ਸਮਸੂਨ ਤੇ ਹਮਲਾ ਕੀਤਾ। ਸਮਸੂਨ ਨੇਂ ਸਖਤ ਲੜਾਈ ਲੜੀ - ਪਰ ਉਸਦੀ ਤਾਕਤ ਚਲੀ ਗਈ ਸੀਂ। ਉਸਦੇ ਦੁਸ਼ਮਣਾਂ ਨੇਂ ਉਸਦੀਆਂ ਅੱਖਾਂ ਕੱਢ ਦਿੱਤੀਆਂ। ਅੰਨ੍ਹਾ ਅਤੇ ਕਮਜੋਰ ਸਮਸੂਨ ਫਲਿਸਤੀਨੀਆਂ ਦਾ ਗੁਲਾਮ ਬਣ ਗਿਆ। ਉਹ ਪਰਮੇਸ਼ਵਰ ਦੇ ਦਾਸ ਉੱਤੇ ਹੱਸੇ ਅਤੇ ਉਸਦਾ ਮਜ਼ਾਕ ਉਡਾਇਆ।



14

ਫਲਿਸਤੀਆਂ ਨੇ ਇੱਕ ਤਿਉਹਾਰ ਮਨਾਇਆ। ਉਹਨਾਂ ਨੇ ਸਮਸੂਨ ਨੂੰ ਆਪਣੇ ਹੱਥ ਸੌਂਪਣ ਲਈ ਆਪਣੇ ਦੇਵਤਾ ਦੇਗੋਨ ਦੀ ਉਪਾਸਨਾ ਕੀਤੀ। ਉਹਨਾਂ ਨੇ ਦੇਗੋਨ ਦੇ ਮੰਦਰ ਵਿੱਚ ਖੁਸ਼ੀ ਮਨਾਈ ਅਤੇ ਸ਼ਰਾਬ ਪੀਤੀ। ਤਦ ਉਹਨਾਂ ਨੇ ਸਮਸੂਨ ਨੂੰ ਬੁਲਾਇਆ ਭਈ ਉਹਨਾਂ ਲਈ ਖੇਲ ਕਰੇ।



15

ਇੱਕ ਲੜਕੇ ਨੇ ਲਿਆ ਕੇ ਸਮਸੂਨ ਨੂੰ, ਉਹਨਾਂ ਬੁਰਜ਼ਾਂ ਦੇ ਵਿਚਾਲੇ ਖੜਾ ਕਰ ਦਿੱਤਾ ਜਿੰਨ੍ਹਾਂ ਤੇ ਬੁਰਜ ਮੰਦਰ ਟਿਕਿਆ ਸੀਂ। ਉਥੇ ਤਿੰਨ ਹਜ਼ਾਰ (3000) ਫਲਿਸਤੀਨ ਉਸ ਦੀ ਛੱਤ ਤੇ ਅਤੇ ਬਹੁਤ ਸਾਰੇ ਮੰਦਰ ਵਿੱਚ ਸਨ, ਸਾਰੇ ਉਸਦਾ ਮਜ਼ਾਕ ਉਡਾ ਰਹੇ ਸਨ।



16

ਪਰ ਸਮਸੂਨ ਦੇ ਵਾਲਾਂ ਨੇਂ ਜ਼ੇਲ ਵਿੱਚ ਵਧਣਾ ਸ਼ੁਰੂ ਕਰ ਦਿੱਤਾ ਸੀਂ। ਹੁਣ ਉਸ ਨੇ ਪ੍ਰਾਥਨਾ ਕੀਤੀ, "ਹੇ ਪਰਮੇਸ਼ਵਰ ਯਹੋਵਾ, ਇੱਕ ਵਾਰ ਮੈਨੂੰ ਤਾਕਤਵਾਰ ਬਣਾ ਦੇਹ, ਤਾਂ ਜੋ ਮੈਂ ਆਪਣੀਆਂ ਦੋਨੋ ਅੱਖਾਂ ਦਾ ਬਦਲਾ ਲੈ ਸਕਾਂ।"



17

ਕੀ ਪਰਮੇਸ਼ਵਰ ਸਮਸੂਨ ਨੂੰ ਦੁਬਾਰਾ ਤਾਕਤ ਦੇਵੇਗਾ? ਕੀ ਸਮਸੂਨ ਅਸੰਭਵ ਕਰ ਸਕੇਗਾ? ਜੀਹਾਂ! ਜੀਹਾਂ! ਜ਼ੋਰ ਲਾਕੇ ਅਤੇ ਉੱਭਰ ਕੇ, ਸਮਸੂਨ ਨੇਂ ਮਜਬੂਤ ਬੁਰਜ਼ਾਂ ਨੂੰ ਧੱਕ ਦਿੱਤਾ।ਹਜ਼ਾਰਾਂ ਫ਼ਲਿਸਤੀਆਂ ਅਤੇ ਸਮਸੂਨ ਨੂੰ ਮਾਰ ਕੇ, ਦੇਗੋਨ ਦਾ ਮੰਦਰ ਥੇਹ ਹੋ ਗਿਆ।



18

ਸਮਸੂਨ, ਪਰਮੇਸ਼ਵਰ ਦਾ ਤਾਕਤਵਰ ਬੰਦਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਨਿਆਈਆਂ 13-16

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।